# ਰਿਪੋਰਟਿੰਗ ਲਈ 16 ਸੁਝਾਵ

## ਜਾਨ-ਪਹਿਚਾਣ

ਇਸ ਪੁਸਤਿਕਾਂ 'ਚ ਅਸੀਂ ਸੜਕ ਸੁਰੱਖਿਆ ਸੰਬੰਧੀ ਵੱਖ-ਵੱਖ ਪ੍ਰਕਾਰ ਦੀ ਰਿਪੋਰਟਿੰਗ ਦੇ ਜ਼ਰੀਏ ਤੁਹਾਡਾ ਮਾਰਗ-ਦਰਸ਼ਨ ਕਰਨ ਲਈ ਬਹੁਤ ਹੀ ਸਰਲ ਢਾਂਚੇ ਦਾ ਪ੍ਰਯੋਗ ਕੀਤਾ ਹੈ। ਜਿਵੇਂ ਕਿ ਮੇਰੀ ਕਹਾਣੀ ਦਾ ਕੇਂਦਰ ਬਿੰਦੂ ਕੀ ਹੈ? ਇਸ ਸੰਬੰਧੀ ਮੈਨੂੰ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ? ਅਤੇ ਮੈਨੂੰ ਕੀ ਪੁੱਛਣਾ ਚਾਹੀਦਾ ਹੈ? ਆਦਿ। ਇਹਨਾਂ ਰਿਪੋਰਟਾਂ ਵਿੱਚ ਸੜਕ ਦੁਰਘਟਨਾਂ ਦੀ ਸਧਾਰਨ ਕਵਰੇਜ ਤੋਂ ਲੈ ਕੇ ਸੜਕ ਸੁਰੱਖਿਆਂ ਨਾਲ ਜੁੜੀਆਂ ਮਹੱਤਵਪੂਰਣ ਸੱਮਸਿਆਵਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਹ ਰਿਪੋਰਟਾਂ ਸੜਕ ਸੁਰੱਖਿਆ ਪ੍ਰਬੰਧਨ ਨੂੰ ਲੋਕਾਂ ਦੀ ਸਿਹਤ ਲਈ ਇਕ ਗੰਭੀਰ ਮੁੱਦੇ ਦੇ ਰੂਪ ਵਿੱਚ ਪੇਸ਼ ਕਰਦੀਆਂ ਹਨ। ਇਹਨਾਂ ਰਿਪੋਰਟਾਂ ਦਾ ਉਦੇਸ਼ ਤੁਹਾਨੂੰ ਇਕ ਸਹੀ ਦਿਸ਼ਾ ਦੇਣਾ ਹੈ ਅਤੇ ਸੜਕ ਸੁਰੱਖਿਆ ਸੰਬੰਧੀ ਰਿਪੋਰਟਿੰਗ ਨੂੰ ਇਕ ਵਿਆਪਕ ਸੰਦਰਭ 'ਚ ਸਮਝਣ ਲਈ ਤੁਹਾਡੀ ਸਹਾਇਤਾ ਕਰਨਾ ਹੈ।

# ਸੜਕ ਦੁਰਘਟਨਾਂ ਰਿਪੋਰਟਿੰਗ ਨੂੰ ਸੜਕ ਸੁਰਖਿਆ ਰਿਪੋਰਟਿੰਗ ਵਿੱਚ ਤਬਦੀਲ ਕਰਨ ਸੰਬੰਧੀ ਪੰਜ ਬਿੰਦੂ :-

ਸੁਭੇਂਦੂ ਰੇ 'ਹਿੰਦੋਸਤਾਨ ਟਾਈਮਜ' ਦੇ ਸੰਪਾਦਕ ਦੁਆਰਾ



ਸੁਭੇਂਦੂ ਰੇ 'ਹਿੰਦੋਸਤਾਨ ਟਾਈਮਜ' ਦੇ ਸਹਾਇਕ ਸੰਪਾਦਕ ਸਨ। ਸੰਪਾਦਕ ਦੇ ਰੂਪ 'ਚ ਇਹਨਾਂ ਨੇ ਟ੍ਰੈਫਿਕ ਸੰਬੰਧੀ ਰਿਪੋਰਟਿੰਗ 'ਚ ਮਹਾਰਤ ਹਾਸਿਲ ਕੀਤੀ। ਅਪਣੇ ਸ਼ਹਿਰ ਦੇ ਟ੍ਰੈਫਿਕ ਤੋਂ ਲੈ ਕੇ ਅਪਣੇ ਦੇਸ਼ ਦੇ ਸੜਕ ਸੁਰੱਖਿਆ ਪ੍ਰਬੰਧਨ ਤੱਕ ਦੀ ਗਸ਼ਤ ਕੀਤੀ ਅਤੇ ਇਸ ਮੁੱਦੇ ਤੇ ਗਹਿਰਾਈ ਨਾਲ ਵਿਚਾਰ ਕਰਕੇ ਅਨੇਕਾਂ ਲੇਖ ਲਿਖੇ। ਇਹਨਾ ਲੇਖਾਂ ਦਾ ਸੁਭੇਂਦੂ ਜੀ ਨੇ ਟ੍ਰੈਫਿਕ ਕਾਰਣ ਹੋਣ ਵਾਲੇ ਨੁਕਸਾਨਾਂ ਅਤੇ ਸੜਕ ਸੁਰੱਖਿਆ ਨੂੰ ਲੈ ਕੇ ਲਿਖਿਆ।


1. ਕੋਈ ਵੀ ਸੜਕ ਦੁਰਘਟਨਾਂ ਕੇਵਲ ਇਕ ਆਮ ਘਟਨਾਂ ਨਹੀਂ ਹੁੰਦੀ ਇਸ ਦੀ ਗਹਿਰਾਈ ਵਿੱਚ ਜਾਉ ਅਤੇ ਪਤਾ ਕਰੋ ਕਿ ਇਸ ਦੁਰਘਟਨਾਂ ਦੇ ਅਸਲ ਕਾਰਨ ਕੀ ਸਨ।

2. ਅਪਣੀ ਸੜਕ ਦੁਰਘਟਨਾਵਾਂ ਰਿਪੋਰਟਾਂ ਦਾ ਇਕ ਬਿਉਰਾ ਤਿਆਰ ਕਰਦੇ ਰਹੋ ਅਤੇ ਅਪਣੀ ਰਿਪੋਰਟਿੰਗ ਉਸ ਸਮਗਰੀ ਦਾ ਦੁਬਾਰਾ-ਦੁਬਾਰਾ ਉਪਪਯੋਗ ਕਰੋ। ਪਹਿਲੀ ਦੁਰਘਟਨਾਂ ਦਾ ਦੂਜੀ ਦੁਰਘਟਨਾਂ ਨਾਲ ਲਿੰਕ ਜੋੜ ਕੇ ਦੇਖੋ।

3. ਕਦੇ ਵੀ ਇਸ ਨਤੀਜੇ ਤੇ ਨਾਂ ਪੁੱਜੋ ਕਿ ਇਕ ਘਾਤਕ ਦੁਰਘਟਨਾਂ ਦੀ ਭਰਪਾਈ ਕੇਵਲ ਤੁਹਾਡੀ ਰਿਪੋਰਟਿੰਗ ਨਾਲ ਹੋ ਗਈ ਹੈ। ਲਗਾਤਾਰ ਦੁਰਘਟਨਾਂ ਦੀ ਜਾਂਚ ਕਰਦੇ ਰਹੋ ਅਤੇ ਉਦੋਂ ਤੱਕ ਇਸ ਬਾਰੇ ਲਿਖਦੇ ਰਹੋ ਜਦੋਂ ਤਕ ਦੁਰਘਟਨਾਂ ਦੇ ਅਸਲ ਕਾਰਣਾਂ ਦਾ ਪਤਾ ਨਾਂ ਲਗ ਜਾਵੇ।

4. ਦੁਰਘਟਨਾਂ ਵਾਪਰਣ ਦਾ ਇੰਤਜਾਰ ਨਾਂ ਕਰੋ। ਸਗੋਂ ਦੁਰਘਟਨਾਂ ਦੇ ਸਮਾਂਤਰ ਕਾਰਣਾਂ ਨੂੰ ਉਜਾਗਰ ਅਤੇ ਮਾਹਰਾਂ ਦੀ ਸਲਾਹ ਲਉ।

5. ਰਿਪੋਰਟਾਂ ਤਿਆਰ ਕਰਦੇ ਸਮੇਂ ਇਸ ਗਲ ਦਾ ਧਿਆਨ ਰੱਖੋ ਕਿ ਤੁਸੀਂ ਤੇ ਤੁਹਾਡੇ ਪਾਠਕ ਦੋਵੇਂ ਹੀ ਸੜਕ ਦਾ ਉਪਯੋਗ ਕਰਦੇ ਹਨ। ਇਸ ਲਈ ਜੋ ਕੁਝ ਤੁਸੀਂ ਰਿਪੋਰਟ 'ਚ ਲਿਖ ਰਹੇ ਹੋ ਉਹ ਸਭ ਤੁਹਾਡੇ ਤੇ ਵੀ ਲਾਗੂ ਹੁੰਦਾ ਹੈ।





## ਮੇਰੀ ਰਿਪੋਰਟ ਦਾ ਕੇਂਦਰ ਬਿੰਦੂ ਕੀ ਹੈ?

➜ ਇਕ ਖਤਰਨਾਕ ਸੜਕ ਦੁਰਘਟਨਾਂ

## ਮੈਨੂੰ ਇਸ ਸਬੰਧੀ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

➜ ਪੁਲਿਸ ਅਤੇ ਘਟਨਾਂ ਸਮੇਂ ਮੌਜੂਦ ਹੋਰ ਲੋਕਾਂ ਨਾਲ।

## ਮੈਨੂੰ ਕੀ ਪੁਛਣਾ ਚਾਹੀਦਾ ਹੈ।

- ➜ ਦੁਰਘਟਨਾਂ ਕਿਉਂ ਤੇ ਕਿਵੇਂ ਹੋਈ?
- ➜ ਦੁਰਘਟਨਾਂ ਨਾਲ ਸੰਬੰਧਿਤ ਖਤਰਨਾਕ ਕਾਰਕ ਕਿਹੜੇ ਹਨ?
- ➜ ਕੀ ਦੁਰਘਟਨਾਂ ਨੂੰ ਵਾਪਰਣ ਤੋਂ ਰੋਕਿਆ ਜਾ ਸਕਦਾ ਹੈ?
- ➜ ਸੜਕ ਦੁਰਘਟਨਾਂ ਨੂੰ ਰੋਕਣ ਲਈ ਟ੍ਰੈਫਿਕ ਪੁਲਿਸ ਕੀ ਕਰ ਰਹੀ ਹੈ।
- ➜ ਇਸ ਦੁਰਘਟਨਾ ਸੰਬੰਧੀ ਪੁਲਿਸ ਅਪਣੇ ਪੱਖ ਤੋਂ ਕੀ ਕਰ ਸਕਦੀ ਸੀ?
- ➜ ਦੁਰਘਟਨਾਂ ਦਾ ਬਿਉਰਾ ਤਿਆਰ ਕਰਨ ਲਈ, ਘਟਨਾ ਵਾਲੀ ਜਗ੍ਹਾ ਤੇ ਕਿਸ ਤਰ੍ਹਾਂ ਦੇ ਉਪਕਰਣ ਉਪਲਬਧ ਸਨ?
- ➜ ਕੀ ਇਹ ਉਪਕਰਣ ਕਿਸੇ ਹੋਰ ਸੰਬੰਧਿਤ ਘਟਨਾਂ ਨਾਲ ਵੀ ਜੁੜੇ ਹਨ?

## ਮੇਰੀ ਕਹਾਣੀ ਦਾ ਕੇਂਦਰ ਬਿੰਦੂ ਕੀ ਹੈ?

➜ ਕਾਨੂੰਨ ਲਾਗੂ ਕਰਨਾ।

## ਮੈਨੂੰ ਇਸ ਸਬੰਧੀ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

➜ ਸੀਨੀਅਰ ਪੁਲਿਸ ਅਧਿਕਾਰੀਆਂ, ਰਾਜਨੀਤਿਕ ਨੇਤਾਵਾਂ, ਕਾਨੂੰਨੀ ਸਲਾਹਕਾਰਾਂ ਅਤੇ ਸੜਕ ਸੁਰੱਖਿਆ ਮਾਹਰਾਂ ਨਾਲ

## ਮੈਨੂੰ ਕੀ ਪੁਛਣਾ ਚਾਹੀਦਾ ਹੈ।

- ➜ ਕੀ ਸੜਕ ਸੁਰਖਿਆ ਨਿਯਮਾਂ ਦਾ ਪਾਲਣ ਹੋ ਰਿਹਾ ਹੈ?
- ➜ ਜੇ ਨਹੀਂ ਤਾਂ ਕੀ ਕਾਰਨ ਹਨ?
- ➜ ਕਾਮਿਅਆਂ ਦੀ ਘਾਟ, ਉਪਕਰਣਾਂ, ਫੰਡ ਦੀ ਘਾਟ
- ➜ ਭ੍ਰਿਸ਼ਟਾਚਾਰ? ਕੀ ਟ੍ਰੈਫਿਕ ਪੁਲਿਸ ਸਹੀ ਤਰੀਕੇ ਨਾਲ ਸੜਕ ਸੁਰਖਿਆ ਦੇ ਕਾਨੂੰਨ ਨੂੰ ਲਾਗੂ ਕਰਦੀ ਹੈ?
- ➜ ਕੀ ਡਿਉਟੀ ਤੇ ਤੈਨਾਤ ਟ੍ਰੈਫਿਕ ਪੁਲਿਸ ਕਰਮਚਾਰੀਆਂ ਦੇ ਕਿਸੇ ਦੁਰਘਟਨਾਂ ’ਚ ਫਟੜ ਹੋਣ ਤੇ ਉਹਨਾਂ ਦੇ ਬਚਾਅ ਲਈ ਪੂਰੀ ਵਿਵਸਥਾ ਹੁੰਦੀ ਹੈ?



### ਮੇਰੀ ਰਿਪੋਰਟ ਦਾ ਕੇਂਦਰ ਬਿੰਦੂ ਕੀ ਹੈ?

➜ ਇਕ ਵਿਸ਼ੇਸ ਸੜਕ ਸੁਰਖਿਆ ਸਮਸਿਆਂ ਅਤੇ ਤੁਹਾਡੇ ਨਜਰੀਏ ਤੋਂ ਉਸ ਸੁਲਝਾਨ ਦਾ ਤਰੀਕਾ।

### ਮੈਨੂੰ ਇਸ ਸਬੰਧੀ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

➜ ਸੰਬੰਧਿਤ ਪਰਵਹਿਣ ਏਜੰਸੀ ਜਾਂ ਮੰਤਰਾਲਿਆ ਦੇ ਸਰਕਾਰੀ ਅਧਿਕਾਰੀਆਂ ਨਾਲ, ਅਕੈਡਮੀ ਜਾਂ ਐਨ.ਜੀ.ਓ. ਦੇ ਸੜਕ ਸੁਰਖਿਆ ਮਾਹਰਾਂ ਨਾਲ

### ਮੈਨੂੰ ਕੀ ਪੁਛਣਾ ਚਾਹੀਦਾ ਹੈ।

➜ ਤੁਸੀਂ ਇਸ ਸਮੱਸਿਆਂ ਨੂੰ ਕਿਵੇਂ ਪਰਿਭਾਸ਼ਿਤ ਕਰਦੇ ਹੋ?


➜ ਜਿਹੜੇ ਨਤੀਜੇ ਤੇ ਤੁਸੀਂ ਪਹੁੰਚ ਰਹੇ ਹੋ ਉਸਨੂੰ ਸਾਬਿਤ ਕਰਨ ਲਈ ਤੁਹਾਡੇ ਕੋਲ ਕੀ ਸਬੂਤ ਹਨ?

➜ ਇਸ ਸਮੱਸਿਆਂ ਦਾ ਹਲ ਕਿਵੇਂ ਕੀਤਾ ਜਾ ਸਕਦਾ ਹੈ?

➜ ਕੀ ਇਸ ਸਮੱਸਿਆਂ ਦੇ ਸੰਭਾਵਿਤ ਹਲ ਦੇ ਸਹਿਯੋਗੀ ਕੋਈ ਹੋਰ ਸਬੂਤ ਹਨ?

➜ ਗੁਆਂਢੀ ਦੇਸ਼ਾਂ ਨੇ ਇਸ ਸਮੱਸਿਆਂ ਦਾ ਹੱਲ ਕਿਸ ਤਰ੍ਹਾਂ ਕੀਤਾ?

➜ ਇਸ ਸਮੱਸਿਆਂ ਦਾ ਹੱਲ ਕਰਨ ਸਮੇਂ ਕਿਸ ਤਰ੍ਹਾਂ ਦੀਆਂ ਰੁਕਾਵਟਾਂ ਆ ਰਹੀਆਂ ਹਨ?



### ਮੇਰੀ ਕਹਾਣੀ ਦਾ ਕੇਂਦਰ ਬਿੰਦੂ ਕੀ ਹੈ?

➜ ਸੜਕ ਸੁਰਖਿਆ ਪ੍ਰਬੰਧਨ ਦੀ ਇੱਕ ਵੱਡੀ ਤਸਵੀਰ

### ਮੈਨੂੰ ਇਸ ਸਬੰਧੀ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

➜ ਸਿਹਤ ਮੰਤਰਾਲਿਆ ਦੇ ਸਰਕਾਰੀ ਅਧਿਕਾਰੀਆਂ ਨਾਲ ਆਂਤਰਿਕ ਜਾਂ ਪਰਵਹਿਣ ਅਧਿਕਾਰੀਆਂ ਨਾਲ ਹੋਰ ਅਗਾਂਹ ਵਧੂ ਸੰਸਥਾਵਾਂ ਜਿਵੇਂ ਕਿ ਸੜਕ ਸੁਰਖਿਆ ਨਿਗਮ ਆਦਿ ਨਾਲ

### ਮੈਨੂੰ ਕੀ ਪੁਛਣਾ ਚਾਹੀਦਾ ਹੈ।

➜ ਦੇਸ਼ ਵਿੱਚ ਸੜਕ ਸੁਰਖਿਆਂ ਦੇ ਲਈ ਕੌਣ ਜਿੰਮੇਵਾਰ ਹੈ? ➜ ਦੇਸ਼ ਵਿੱਚ ਸੜਕ ਸੁਰਖਿਆ ਦਾ ਕੀ ਇੰਤਜਾਮ ਹੈ?

➜ ਸੜਕ ਸੁਰਿਖਆ ਲਈ ਜਿੰਮੇਵਾਰ ਏਜੰਸੀਆਂ ਸਰਕਾਰੀ ਸੰਸਥਾਨਾਂ ਨਾਲ ਕਿਵੇਂ ਤਾਲਮੇਲ ਸਥਾਪਿਤ ਕਰਦੀਆਂ ਹਨ? ➜ ਕਿਸ ਤਰ੍ਹਾਂ ਦੇ ਸੁਧਾਰਾਂ ਦੀ ਜਰੂਰਤ ਹੈ?

➜ ਸੁਰਖਿਆ ਏਜੰਸੀਆਂ ਕੋਲ ਬਿਉਰਾ ਰਖਣ ਲਈ ਕਿਸ ਤਰ੍ਹਾਂ ਦੇ ਉਪਕਰਣ ਉਪਲਬਧ ਹਨ? ਕੀ ਇਕ ਦੁਰਘਟਨਾਂ ਦੂਜੀ ਦੁਰਘਟਨਾ ਨਾਲ ਜੁੜੀ ਹੁੰਦੀ ਹੈ, ਉਦਾਹਰਣ ਲਈ, ਸੱਟਾਂ ਅਤੇ ਮੌਤਾਂ ਦਾ ਰਿਕਾਰਡ ਕਿਵੇਂ ਰੱਖਿਆ ਜਾ ਰਿਹਾ?

➜ ਉਸ ਰਿਕਾਰਡ ਨੂੰ ਸੁਰੱਖਿਅਤ ਰੱਖਣ ਦਾ ਅਧਿਕਾਰ ਕਿਸ ਕੋਲ ਹੁੰਦਾ ਹੈ?

➜ ਸੜਕ ਸੁਰੱਖਿਆ ਸੰਬੰਧੀ ਸੁਧਾਰ ਕਰਨ ਲਈ ਇਸ ਬਿਉਰੇ ਦਾ ਪ੍ਰਯੋਗ ਕਿਵੇਂ ਕੀਤਾ ਜਾ ਸਕਦਾ ਹੈ?






## ਮੇਰੀ ਰਿਪੋਰਟ ਦਾ ਕੇਂਦਰ ਬਿੰਦੂ ਕੀ ਹੈ?

➜ ਸੜਕਾਂ ਦੀ ਵਰਤੋਂ ਕਰ ਰਹੇ ਲੋਕਾਂ ਦੇ ਕੁਝ ਵਿਸ਼ੇਸ਼ ਸਮੂਹ।

## ਮੈਨੂੰ ਇਸ ਸਬੰਧੀ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

➜ ਦੇਸ਼ 'ਚ ਮੌਜੂਦ ਸੜਕ ਉਪਯੋਗਕਰਤਾਵਾਂ ਦੇ ਸੰਗਠਨ ਜਿਵੇਂ ਕਿ ਸਾਇਕਲ ਚਲਾਉਣ ਵਾਲੇ, ਪੈਦਲ ਚਲਣ ਵਾਲੇ, ਟੈਕਸੀ ਚਲਾਉਣ ਵਾਲੇ ਅਤੇ ਪਰਵਹਿਣ ਅਧਿਕਾਰੀਆਂ ਨਾਲ। ਇਸ ਤੋਂ ਇਲਾਵਾ ਉਹਨਾਂ ਲੋਕਾਂ ਨਾਲ ਜੋ ਰੋਜਮਰ੍ਹਾ ਦੀ ਜਿੰਦਗੀ ਵਿੱਚ ਸਮਸਿਆਂਵਾਂ ਸਾਹਮਣਾ ਕਰ ਰਹੇ ਹਨ ਜਿਵੇਂ ਰੇਹੜੀ ਵਾਲੇ ਆਦਿ।

## ਮੈਨੂੰ ਕੀ ਪੁਛਣਾ ਚਾਹੀਦਾ ਹੈ।

➜ ਸੜਕਾਂ ਦਾ ਇਸਤੇਮਾਲ ਕਰਨ ਵਾਲੇ ਕੁਝ ਵਿਸ਼ੇਸ਼ ਸਮੂਹ ਕਿਸ ਤਰ੍ਹਾਂ ਦੇ ਖਤਰਿਆ ਦਾ ਸਾਹਮਣਾ ਕਰ ਰਹੇ ਹਨ? ➜ ਇਹ ਸਮੂਹ ਦੂਜੇ ਲੋਕਾਂ ਤੋਂ ਕਿਸ ਤਰ੍ਹਾ ਵੱਖ ਹਨ?

➜ ਇਹਨਾ ਸਮੂਹਾਂ ਨਾਲ ਸੰਬੰਧਿਤ ਕਿਸ ਤਰ੍ਹਾ ਦਾ ਬਿਉਰਾ ਉਪਲਬਧ ਹੈ? ➜ ਕੀ ਇਹਨਾਂ ਸਮੂਹਾਂ ਨੂੰ ਕੋਈ ਵਿਸ਼ੇਸ਼ ਕਾਨੂੰਨ ਜਾਂ ਬੁਨਿਆਦੀ ਢਾਂਚਾ ਬਣਾ ਕੇ ਸੁਰਖਿਅਤ ਕੀਤਾ ਜਾ ਸਕਦਾ ਹੈ? ➜ ਇਸ ਖੇਤਰ ਵਿੱਚ ਕੀ ਵਧੀਆ ਉਪਰਾਲੇ ਹਨ? ਇਹਨਾਂ ਦੇ ਸਬੰਧ ਵਿਚ ਕੀ ਸਬੂਤ ਹੈ? ➜ ਕੀ ਤੁਹਾਡੇ ਦੇਸ਼ 'ਚ ਸੱਚਮੁਚ ਹੀ ਸਭ ਤੋਂ ਵਧੀਆ ਉਪਰਾਲੇ ਲਾਗੂ ਹਨ?

➜ ਜੇ ਲਾਗੂ ਹਨ ਤਾਂ ਕਿਵੇਂ ਅਤੇ ਕਿਉਂ?

## ਮੇਰੀ ਕਹਾਣੀ ਦਾ ਕੇਂਦਰ ਬਿੰਦੂ ਕੀ ਹੈ?

➜ ਸੜਕ ਸੁਰੱਖਿਆ ਇਕ ਸਥਾਨਕ ਜਨਤਕ ਸਿਹਤ ਸਮੱਸਿਆ ਹੈ।

## ਮੈਨੂੰ ਇਸ ਸਬੰਧੀ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

➜ ਹਸਪਤਾਲਾਂ ਅਤੇ ਕਲੀਨੀਕਾਂ ਦੇ ਪ੍ਰਬੰਧਕਾ ਨਾਲ, ਸਿਹਤ ਮੰਤਰਾਲੇ ਨਾਲ, ਸੀਨੀਅਰ ਪੁਲਿਸ ਅਧਿਕਾਰੀਆਂ ਨਾਲ ਅਤੇ ਸੜਕ ਸੁਰਖਿਆ ਮਾਹਰਾਂ ਨਾਲ।

## ਮੈਨੂੰ ਕੀ ਪੁਛਣਾ ਚਾਹੀਦਾ ਹੈ।

➜ ਤੁਹਾਡੇ ਹਸਪਤਾਲ 'ਚ ਇਲਾਜ ਲਈ ਆਉਣ ਵਾਲੇ ਕਿੰਨੇ ਪ੍ਰਤੀਸ਼ਤ ਮਰੀਜ ਸੜਕ ਦੁਰਘਟਨਾਂ ਦਾ ਸ਼ਿਕਾਰ ਹੁੰਦੇ ਹਨ?

➜ ਸੜਕ ਦੁਰਘਟਨਾਂ ਦੇ ਸ਼ਿਕਾਰ ਲੋਕਾਂ ਨੂੰ ਕਿਸ ਪ੍ਰਕਾਰ ਦੀ ਦੇਖਭਾਲ ਚਾਹੀਦੀ ਹੈ?

➜ ਔਸਤਨ ਕਿੰਨਾ ਸਮਾਂ ਉਹ ਤੁਹਾਡੇ ਹਸਪਤਾਲ 'ਚ ਰਹਿੰਦੇ ਹਨ?

➜ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਬਾਦ ਉਹਨਾਂ ਮਰੀਜਾਂ ਦਾ ਕੀ ਹੁੰਦਾ ਹੈ?

➜ ਇਸ ਸਮਸਿਆਂ ਦਾ ਸਾਹਮਣਾ ਕਰਨ ਲਈ ਕਿਸ ਤਰ੍ਹਾਂ ਦੇ ਸਾਧਨਾ ਦੀ ਜਰੂਰਤ ਹੈ? ਜਿਵੇਂ ਕਿ, ਬੈਡ? ਮਾਹਰ? ਉਪਰੇਟਿੰਗ ਕਮਰੇ? ਐਕਸਰੇ-ਮਸ਼ੀਨਾਂ, ਐਮਰਜੈਂਸੀ ਵਿਭਾਗ? ਅਰੋਗ ਵਿਭਾਗ।



## ਮੇਰੀ ਰਿਪੋਰਟ ਦਾ ਕੇਂਦਰ ਬਿੰਦੂ ਕੀ ਹੈ?

➜ ਦੁਰਘਟਨਾਂ ਉਪਰੰਤ ਮਿਲਣ ਵਾਲੀਆਂ ਸੁਵਿਧਾਵਾਂ।

## ਮੈਨੂੰ ਇਸ ਸਬੰਧੀ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

**➜ਪੁਨਰਵਾਸ ਅਤੇ ਫਿਜੀਓਥਰੈਪੀ ਕੇਂਦਰਾਂ ਨਾਲ ਅਤੇ ਪੀੜਿਤਾਂ ਤੇ ਪੀੜਿਤ ਸੰਘਾ ਨਾਲ।**

## ਮੈਨੂੰ ਕੀ ਪੁਛਣਾ ਚਾਹੀਦਾ ਹੈ।

➜ ਤੁਹਾਡੇ ਕਿੰਨੇ ਪ੍ਰਤੀਸ਼ਤ ਰੋਗੀ ਸੜਕ ਦੁਰਘਟਨਾਵਾਂ ਦਾ ਸਿਕਾਰ ਹੁੰਦੇ ਹਨ?

➜ ਸਰੀਰਕ ਤੌਰ ਤੇ ਉਹ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ?

➜ ਗੰਭੀਰ ਸੱਟਾਂ ਤੋਂ ਬਾਦ ਉਹਨਾਂ ਦੀ ਜਿੰਦਗੀ ’ਚ ਕਿਸ ਤਰਾਂ ਦਾ ਬਦਲਾਅ ਦੇਖਿਆ ਜਾ ਸਕਦਾ ਹੈ?

➜ ਤੁਹਾਡੇ ਵਲੋਂ ਇਲਾਜ ਬੰਦ ਕਰਨ ਤੋਂ ਬਾਦ ਉਹ ਰੋਗੀ ਕੀ ਕਰਦੇ ਹਨ?

➜ ਇਕ ਜਖਮੀ ਵਿਕਤੀ ਲਈ ਇਲਾਜ ਦਾ ਔਸਤ ਖਰਚ ਤੇ ਸਮਾਂ ਕਿੰਨਾ ਹੈ?

➜ ਸੜਕ ਦੁਰਘਟਨਾਵਾਂ ’ਚ ਜਖਮੀ ਵਿਅਕਤੀਆਂ ਦਾ ਇਲਾਜ ਕਰਨ ਲਈ ਤੁਹਾਨੂੰ ਕਿਸ ਤਰ੍ਹਾਂ ਦੀਆਂ ਚੁਨੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ?



## ਮੇਰੀ ਕਹਾਣੀ ਦਾ ਕੇਂਦਰ ਬਿੰਦੂ ਕੀ ਹੈ?

➜ ਐਮਰਜੈਂਸੀ ਸੇਵਾਂਵਾ

## ਮੈਨੂੰ ਇਸ ਸਬੰਧੀ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

**➜ ਨਿੱਜੀ ਅਤੇ ਜਨਤਕ ਦੋਵੇਂ ਤਰ੍ਹਾਂ ਦੇ ਐਮਰਜੈਂਸੀ ਮੈਡੀਕਲ ਸੇਵਾ ਕਰਮਚਾਰੀਆਂ ਅਤੇ ਪ੍ਰਬੰਧਕਾਂ ਨਾਲ ਅਤੇ ਹਸਪਤਾਲ ਦੇ ਐਮਰਜੈਂਸੀ ਵਾਰਡ ਦੇ ਕ੍ਰਮਚਾਰੀਆਂ ਨਾਲ।**

## ਮੈਨੂੰ ਕੀ ਪੁਛਣਾ ਚਾਹੀਦਾ ਹੈ।

➜ ਤੁਹਾਡੇ ਦੇਸ਼ ’ਚ ਕਿਹੜੀਆਂ-ਕਿਹੜੀਆਂ, ਐਮਰਜੈਂਸੀ ਸੇਵਾਵਾਂ ਉਪਲਬਧ ਹਨ?

➜ ਕਿਹੜੀਆਂ ਸੇਵਾਵਾਂ ਦੀ ਕਮੀ ਹੈ?

➜ ਦੁਰਘਟਨਾਂ ਹੋਣ ਤੇ ਭੁਗਤਾਨ ਕੌਣ ਕਰਦਾ ਹੈ? ਨਿੱਜੀ ਅਤੇ ਜਨਤਕ ਦੋਵਾਂ ਤਰ੍ਹਾ ਦੇ ਸੰਸਥਾਨਾਂ ਤੋਂ ਹੋਣ ਵਾਲੇ ਫਾਇਦੇ ਅਤੇ ਨੁਕਸਾਨ ਕੀ ਹਨ?

➜ ਹਸਪਤਾਲ ਦੇ ਐਮਰਜੈਂਸੀ ਵਾਰਡ ਦੇ ਕਰਮਚਾਰੀਆਂ ਦਾ ਸਥਾਨਕ ਐਮਰਜੈਂਸੀ ਸੇਵਾਵਾਂ ਦੀ ਗੁਣਵੱਤਾ ਬਾਰੇ ਕੀ ਕਹਿਣਾ ਹੈ?

➜ ਜਦੋਂ ਦੁਰਘਟਨਾਂਗ੍ਰਸਤ ਲੋਕਾਂ ਨੂੰ ਅਪ੍ਰਸ਼ਿਕਸ਼ਿਤ ਲੋਕਾਂ ਦਵਾਰਾ ਹਸਪਤਾਲਾਂ ਲਿਜਾਇਆ ਜਾਂਦਾ ਹੈ ਤਾਂ ਕਿਸ ਤਰ੍ਹਾਂ ਦੀ ਜਟਿਲਤਾਵਾਂ ਪੈਣਾ ਹੋ ਜਾਂਦੀਆਂ ਹਨ?

➜ ਜਿਹੜੇ ਲੋਕ ਅਪਣੀ ਮਰਜੀ ਨਾਲ ਦੁਰਘਟਨਾਂ ਗ੍ਰਸਤ ਲੋਕਾਂ ਦੀ ਮਦਦ ਕਰਦੇ ਹਨ ਕੀ ਉਹਨਾਂ ਨੂੰ ਸੁਰੱਖਿਅਤ ਰੱਖਣ ਲਈ ਕਾਨੂੰਨੀ ਪ੍ਰਬੰਧ ਹਨ?





### ਮੇਰੀ ਰਿਪੋਰਟ ਦਾ ਕੇਂਦਰ ਬਿੰਦੂ ਕੀ ਹੈ?

➜ ਸੜਕ ਦੁਰਘਟਨਾਵਾਂ ਵਰਗੀ ਸਮੱਸਿਆ ਦੇ ਹਲ ਦੇ ਰੂਪ ਵਿੱਚ ਮਿਆਰਾਂ ਅਤੇ ਤਕਨਾਲੋਜੀ ਦਾ ਯੋਗਦਾਨ।

### ਮੈਨੂੰ ਇਸ ਸਬੰਧੀ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

➜ ਉਦਯੋਗ ਅਤੇ ਅਕਾਦਮਿਕ ਮਾਹਰਾਂ ਨਾਲ, ਟੈਸਟਿੰਗ ਸਹੂਲਤਾਂ ਪ੍ਰਦਾਨ ਕਰ ਰਹੇ ਕਰਮਚਾਰੀਆਂ ਨਾਲ, ਗਲੋਬਲ NCAP ਦੇ ਸਟਾਫ ਨਾਲ, ਖਪਤਕਾਰ ਸਮੂਹਾਂ ਨਾਲ ਪੁਲਿਸ ਅਧਿਕਾਰੀਆਂ ਨਾਲ ਅਤੇ ਸੜਕ ਸੁਰਖਿਆ ਮਾਤਰਾਂ ਨਾਲ।

### ਮੈਨੂੰ ਕੀ ਪੁਛਣਾ ਚਾਹੀਦਾ ਹੈ।

➜ ਸੜਕ ਦੁਰਘਟਨਾਵਾਂ ਨੂੰ ਰੋਕਣ ਲਈ ਜਾਂ ਸੜਕ ਸੁਰੱਖਿਆ ਸੰਬੰਧੀ ਕਾਨੂੰਨ ਲਾਗੂ ਕਰਨ ਲਈ ਨਵੀਨਤਮ ਤਕਨੀਕੀ ਹਲ ਕੀ ਹਨ?

➜ ਕਿਹੜੇ ਵਾਹਣ ਨਿਰਮਤਾਵਾਂ ਦਾ ਰਿਕਾਰਡ ਸੁਰੱਖਿਆ ਦੇ ਖੇਤਰ ਦਾ ਸਭ ਤੋਂ ਵਧੀਆ ਹੈ?

➜ ਕੀ ਵਾਹਨਾਂ ਵਿੱਚ ਜ਼ਰੂਰੀ ਰੂਪ 'ਚ ਸੁਰੱਖਿਆ ਪ੍ਰਦਾਨ ਕਰਨ ਸੰਬੰਧੀ ਕਾਨੂੰਨ ਹਨ?

➜ ਕੀ ਹੈਲਮਟ ਵਰਗੇ ਸੜਕ ਸੁਰੱਖਿਆ ਉਪਕਰਨਾਂ ਦੇ ਮਿਆਰਾਂ ਸੰਬੰਧੀ ਕਾਨੂੰਨ ਹਨ?

➜ ਸਥਾਨਕ ਕਾਨੂੰਨ ਕਿਵੇਂ ਅੰਤਰਰਾਸ਼ਟਰੀ ਮਿਆਰਾਂ ਤੱਕ ਮਾਪੇ ਜਾਂਦੇ ਹਨ?

➜ ਕੀ ਇਹ ਮਿਆਰ ਸਭ ਲਈ ਇਕੋ ਵਰਗੇ ਹਨ ਅਤੇ ਕਾਰੋਬਾਰ ਤੇ ਉਪਭੋਕਤਾਵਾਂ ਤੇ ਇਕੋ ਤਰ੍ਹਾਂ ਲਾਗੂ ਹੁੰਦੇ ਹਨ।

### ਮੇਰੀ ਕਹਾਣੀ ਦਾ ਕੇਂਦਰ ਬਿੰਦੂ ਕੀ ਹੈ?

➜ ਸੁਰੱਖਿਆ ਸੰਬੰਧੀ ਉਪਾਵਾਂ ਦੀ ਉਪਲਬਧਤਾ ਅਤੇ ਸਮਰੱਥਾ ਜਾਂ ਦਖਲ।

### ਮੈਨੂੰ ਇਸ ਸਬੰਧੀ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

➜ ਉਪਭੋਗਤਾ ਸੰਗਠਨਾਂ, ਬਜਾਰਾਂ ਦੀ ਰਿਸਰਚ ਕਰ ਰਹੀਆਂ ਏਜੰਸੀਆਂ ਰਿਟੇਲਰਾਂ ਅਤੇ NCAP ਵਰਗੇ ਅੰਤਰਰਾਸ਼ਟਰੀ ਸੰਗਠਨਾਂ ਨਾਲ।

### ਮੈਨੂੰ ਕੀ ਪੁਛਣਾ ਚਾਹੀਦਾ ਹੈ।

➜ ਬਾਜਾਰ 'ਚ ਸੜਕ ਸੁਰੱਖਿਆ ਸੰਬੰਧੀ ਕੀ ਕੁਝ ਉਪਲਬਧ ਹੈ?

➜ ਕੀ ਹੈਲਮਟ ਅਤੇ ਬੱਚਿਆਂ ਦੀ ਸੁਰੱਖਿਆ ਲਈ ਉਪਲਬਧ ਸੀਟ ਬੈਲਟਾਂ ਵਰਗੇ ਉਤਪਾਦ ਕਾਨੂੰਨੀ ਮਿਆਰਾਂ ਨੂੰ ਪੂਰਾ ਕਰਦੇ ਹਨ?

➜ ਉਪਭੋਗਤਾਂ ਇਹਨਾਂ ਉਤਪਾਦਾਂ ਬਾਰੇ ਕੀ ਰਾਏ ਰੱਖਦੇ ਹਨ?

➜ ਬਜਾਰਾਂ ਦੀ ਰਿਸਰਚ, ਇਹਨਾਂ ਉਤਪਾਦਾਂ ਪ੍ਰਤੀ ਉਪਭੋਗਤਾਵਾਂ ਦੇ ਰੱਵਈਏ ਅਤੇ ਵਿਹਾਰ ਬਾਰੇ ਕੀ ਦੱਸਦੀ ਹੈ?



## ਮੇਰੀ ਰਿਪੋਰਟ ਦਾ ਕੇਂਦਰ ਬਿੰਦੂ ਕੀ ਹੈ?

➜ ਸੜਕ ਸੁਰੱਖਿਆ, ਰਾਜਨੀਤਿਕ ਅਤੇ ਵਿਕਾਸੀ ਤਰਜੀਹ ਦੇ ਰੂਪ 'ਚ।

## ਮੈਨੂੰ ਇਸ ਸਬੰਧੀ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

➜ ਵੱਖ-ਵੱਖ ਰਾਜਨੀਤੀ ਪਾਰਟੀਆਂ ਦੇ ਨੇਤਾਵਾਂ ਜਾਂ ਉਮੀਦਵਾਰਾਂ ਨਾਲ ਵਿਸ਼ੇਸ਼ ਤੌਰ ਤੇ ਵੋਟਾਂ ਸਮੇਂ ਗੱਲਬਾਤ ਕੀਤੀ ਜਾ ਸਕਦੀ ਹੈ। ਸੰਬੰਧਿਤ ਸਰਕਾਰੀ ਏਜੰਸੀਆਂ ਦੇ ਅਧਿਕਾਰੀਆ ਨਾਲ, ਸੜਕ ਸੁਰਖਿਆ ਮਾਹਰਾਂ ਨਾਲ ਅਤੇ ਸੜਕ ਸੁਰਖਿਆ ਸੰਬੰਧੀ ਸਰਕਾਰੀ ਅਤੇ ਗੈਰ ਸਰਕਾਰੀ ਸੰਗਠਨਾ ਨਾਲ।

## ਮੈਨੂੰ ਕੀ ਪੁਛਣਾ ਚਾਹੀਦਾ ਹੈ।

➜ ਕੀ ਕਦੇ ਕਿਸੇ ਸਥਾਨਕ ਜਾਂ ਰਾਸ਼ਟਰੀ ਰਾਜਨੇਤਾ ਨੇ ਸੜਕ ਸੁਰੱਖਿਆ ਨੂੰ ਰਾਜਨੀਤਿਕ ਤਰਜੀਹ ਦਿੱਤੀ ਹੈ?

➜ ਰਾਜਨੀਤਿਕ ਨੇਤਾਂ ਕਿਸ ਤਰ੍ਹਾਂ ਦੇ ਮੁੱਦੇ ਉਠਾ ਰਹੇ ਹਨ ਅਤੇ ਉਹਨਾ ਨੂੰ ਕਿਉਂ ਲਗਦਾ ਹੈ ?

➜ ਕਿ ਸੜਕ ਸੁਰਖਿਆ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ?

➜ ਸੜਕ ਸੁਰਖਿਆ ਨੂੰ ਵਿਕਾਸੀ ਤਰਜੀਹ ਦੇਣ ਪਿੱਛੇ ਕੀ ਤਰਕ ਹੈ?

➜ ਇਸਦੇ ਪਿੱਛੇ ਕੀ ਸਬੂਤ ਹੈ?

➜ ਕੀ ਕੋਈ ਇਸ ਤਰ੍ਹਾਂ ਦਾ ਬਿਉਰਾ ਉਪਲਬੱਧ ਹੈ ਜੋ ਸੜਕ ਸੁਰਖਿਆ ਨੂੰ ਵਿਕਾਸੀ ਤਰਜੀਹ ਦੇਣ ਦਾ ਸਮਰਥਣ ਕਰਦਾ ਹੋਵੇ?

0



## ਮੇਰੀ ਕਹਾਣੀ ਦਾ ਕੇਂਦਰ ਬਿੰਦੂ ਕੀ ਹੈ?

➜ ਵਿਕਲਪਿਕ ਟ੍ਰਾਂਸਪੋਰਟ ਇਕ ਸੁਰੱਖਿਅਤ ਅਤੇ ਵਾਤਾਵਰਣ ਅਨੁਕੂਲਿਤ ਵਿਕਲਪ ਵਜੋਂ।

## ਮੈਨੂੰ ਇਸ ਸਬੰਧੀ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

➜ ਵਾਤਾਵਰਣਵਾਦੀਆਂ ਜਾਂ ਵਾਤਾਵਰਣ ਸੰਗਠਨਾਂ ਨਾਲ ਸ਼ਹਿਰੀ ਯੋਜਨਾਂਵਾਰਾਂ ਖਾਸ ਕਰ ਉਹਨਾਂ ਨਾਲ ਜੋ ਟਿਕਾਉ ਗਤੀਸ਼ੀਲਤਾ ਜਾਂ ਵਿਕਲਪਿਕ ਪਰਿਵਹਣ ਮਾਡਲਾ ਤੇ ਕੰਮ ਕਰ ਰਹੇ ਹਨ।

## ਮੈਨੂੰ ਕੀ ਪੁਛਣਾ ਚਾਹੀਦਾ ਹੈ।

➜ ਤੁਹਾਡੇ ਸ਼ਹਿਰ 'ਚ ਕਿਹੜੇ ਵਿਕਲਪਿਕ ਵਾਹਣ ਵਿਹਾਰ ਵਿੱਚ ਹਨ?

➜ ਕੀ ਇਹਨਾਂ ਵਿਕਲਪਾਂ ਨੂੰ ਕੋਈ ਪ੍ਰੋਤਸਾਹਿਤ ਕਰਦਾ ਹੈ?

➜ ਇਹਨਾਂ ਵਿਕਲਪਾਂ ਦੇ ਆਰਥਿਕ ਅਤੇ ਸਿਹਤਕ ਲਾਭ ਕੀ ਹਨ?

➜ ਕੀ ਸੁਰਖਿਅਤ ਸੜਕਾਂ ਅਤੇ ਵਧੇਰੇ ਰਹਿਣਯੋਗ ਸ਼ਹਿਰਾਂ ਦਾ ਕੋਈ ਆਪਸੀ ਸੰਬੰਧੀ ਹੈ?

➜ ਟਿਕਾਉ ਗਤੀਸ਼ੀਲਤਾ ਕੀ ਹੈ ਅਤੇ ਇਸਦਾ ਸੜਕ ਸੁਰਖਿਆ ਨਾਲ ਕੀ ਸਬੰਧ ਹੈ?



## ਮੇਰੀ ਰਿਪੋਰਟ ਦਾ ਕੇਂਦਰ ਬਿੰਦੂ ਕੀ ਹੈ?

→ ਸੁਰਿਖਅਤ ਸੜਕਾਂ ਅਤੇ ਬਿਹਤਰ ਬੁਨਿਆਦੀ ਢਾਂਚਾਂ

## ਮੈਨੂੰ ਇਸ ਸਬੰਧੀ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

**→ ਸੜਕ ਸੁਰੱਖਿਆ ਇੰਜੀਨੀਅਰਾਂ, ਵਿਸ਼ਵ ਬੈਂਕ, iRaP ਅਤੇ ਯੂਰਪੀ ਕਮਿਸ਼ਨ ਸਮੇਤ ਹੋਰ ਬੁਨਿਆਦੀ ਢਾਂਚੇ ਸੰਬੰਧੀ ਮਾਹਰਾ ਨਾਲ।**

## ਮੈਨੂੰ ਕੀ ਪੁਛਣਾ ਚਾਹੀਦਾ ਹੈ।

→ ਅਸੀਂ ਇਸ ਤਰ੍ਹਾਂ ਦੀਆਂ ਸੜਕਾਂ ਦਾ ਨਿਰਮਾਣ ਕਿਵੇਂ ਕਰੀਏ ਜੋ ਸੁਰੱਖਿਅਤ ਵੀ ਹੋਣ ਅਤੇ ਚੰਗੀਆਂ ਤੇ ਪ੍ਰਭਾਵਸ਼ਾਲੀ ਵੀ?

→ ਸੜਕਾਂ ਦੇ ਨਿਰਮਾਣ ’ਚ ਸੁਰੱਖਿਆ ਦਾ ਪ੍ਰਬੰਧ ਕਰਨ ਲਈ ਕਿੰਨਾ ਕੁ ਖਰਚ ਆਉਂਦਾ ਹੈ?

→ ਕੀ ਇਸ ਨਾਲ ਸੰਬੰਧਿਤ ਆਂਕੜੇ ਉਪਲਬਧ ਹਨ?

→ ਇਹ ਫੈਸਲਾ ਕੋਣ ਤੇ ਕਿਵੇਂ ਕਰਦਾ ਹੈ ਕਿ ਸੜਕ ਨਿਰਮਾਣ ’ਚ ਸੁਰਖਿਆ ਮਾਨਦੰਡਾ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ।

→ ਕੀ ਸਥਾਨਿਕ ਕਾਨੂੰਨ ਨਵੀਆਂ ਸੜਕਾਂ ਦੇ ਨਿਰਮਾਣ ਸਮੇਂ ਸੁਰਖਿਆ ਨੂੰ ਧਿਆਨ ਵਿਚ ਰੱਖਦਾ ਹੈ?

→ ਆਵਾਜਾਈ ਸੜਕਾਂ ਦੀ ਹਾਲਤ ਅਤੇ ਬੁਨਿਆਦੀ ਢਾਚਾਂ ਕਿੰਨਾ ਨਿਆਂਪੂਰਨ ਹੈ।

→ ਕੀ ਇਹ ਪਰਵਹਿਣ ਬੁਨਿਆਦੀ ਢਾਂਚਾ ਹਾਦਸਿਆਂ ਦੀ ਚਪੇਟ ਵਿਚ ਆਣ ਵਾਲੇ ਸੜਕ ਉਪਭੋਗਤਾਵਾਂ ਦੀਆਂ ਜਰੂਰਤਾ ਅਤੇ ਸੁਵਿਧਾਵਾਂ ਨੂੰ ਸ਼ਾਮਿਲ ਕਰਦਾ ਹੈ?



## ਮੇਰੀ ਕਹਾਣੀ ਦਾ ਕੇਂਦਰ ਬਿੰਦੂ ਕੀ ਹੈ?

→ ਸੜਕ ਸੁਰੱਖਿਆ ਦੇ ਆਰਥਿਕ ਲਾਗਤ-ਲਾਭ ਵਿਸ਼ਲੇਸ਼ਣ

## ਮੈਨੂੰ ਇਸ ਸਬੰਧੀ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

**→ ਅਰਥਸ਼ਾਸਤਰੀ, ਖਾਸ ਤੌਰ ’ਤੇ ਸਿਹਤ ਦੇ ਖ਼ਰਚੇ ਵਿੱਚ ਮੁਹਾਰਤ ਅਤੇ ਵਿਕਾਸ ਦੇ ਮਾਹਰ, ਅੰਤਰਰਾਸ਼ਟਰੀ ਸੰਗਠਨ, ਸਰਕਾਰ ਮੰਤਰਾਲਿਆ ਨਿਵੇਸ਼ਕ ਅਤੇ ਕਾਰੋਬਾਰੀ ਲੋਕ, ਵਿਕਾਸ ਦੇ ਮਾਹਰ**

## ਮੈਨੂੰ ਕੀ ਪੁਛਣਾ ਚਾਹੀਦਾ ਹੈ।

→ ਸੜਕ ਦੁਰਘਟਨਾ ਦੀ ਰੋਕਥਾਮ ਦੀ ਲਾਗਤ ਦੀ ਤੁਲਨਾ, ਦੇਖਭਾਲ ਦੀ ਲਾਗਤ ਨਾਲ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ?

→ ਜੀਡੀਪੀ ਤੇ ਮੌਤਾਂ ਅਤੇ ਟ੍ਰੈਫਿਕ ਸੱਟਾਂ ਦਾ ਪ੍ਰਭਾਵ ਕੀ ਹੈ?

→ ਅਸਿੱਧੇ ਖ਼ਰਚਿਆਂ ਦੀ ਗਣਨਾ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ?

→ ਕੀ ਸੜਕ ਟ੍ਰੈਫਿਕ ਸੱਟਾਂ ਅਤੇ ਗ਼ਰੀਬੀ ਦੇ ਵਿਚਕਾਰ ਕੋਈ ਸੰਬੰਧ ਹੈ?

## ਮੇਰੀ ਰਿਪੋਰਟ ਦਾ ਕੇਂਦਰ ਬਿੰਦੂ ਕੀ ਹੈ?

➜ ਸੜਕ ਸੁਰੱਖਿਆ ਕਾਨੂੰਨ

## ਮੈਨੂੰ ਇਸ ਸਬੰਧੀ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

➜ ਕਾਨੂੰਨੀ ਸਲਾਹਕਾਰਾਂ, ਵਿਧਾਇਕਾਂ, ਸੜਕ ਸੁਰੱਖਿਆ ਵਿੱਚ ਰੁਚੀ ਰੱਖਣ ਵਾਲੇ ਲੋਕਾਂ, ਪੁਲਿਸ, ਰਿਸਰਚ ਕਰ ਰਹੇ ਸੰਗਠਨਾਂ ਅਤੇ ਸੜਕ ਸੁਰੱਖਿਆ ਮਾਹਰਾਂ ਨਾਲ

## ਮੈਨੂੰ ਕੀ ਪੁਛਣਾ ਚਾਹੀਦਾ ਹੈ।

➜ ਸਾਡੇ ਦੇਸ਼ ਦੇ ਕਨੂੰਨ ਵਿੱਚ ਕੀ ਕਮੀਆਂ ਜਾਂ ਗਲਤੀਆਂ ਹਨ। ➜ ਕਿਹੜੇ ਦੇਸ਼ਾਂ ਵਿੱਚ ਸੜਕ ਸੁਰੱਖਿਆ ਸਬੰਧੀ ਸਭ ਤੋਂ ਵਧੀਆਂ ਕਨੂੰਨ ਹਨ।

➜ ਸੜਕ ਸੁਰੱਖਿਆ ਸੰਬੰਧੀ ਚੰਗੇ ਕਨੂੰਨ ਬਣਾਉਣ ਵਿੱਚ ਕਿਹੜੀਆਂ ਚੀਜਾਂ ਦਾ ਯੋਗਦਾਨ ਹੁੰਦਾ ਹੈ ਅਤੇ ਕਿਉਂ। ➜ ਬਿਹਤਰ ਸੜਕ ਸੁਰੱਖਿਆ ਨਿਯਮਾਂ ਦੇ ਪਾਲਣ ਸਬੰਧੀ ਸੂਚਨਾ ਕਿਥੋਂ ਪ੍ਰਾਪਤ ਕੀਤੀ ਜਾ ਸਕਦੀ ਹੈ? ➜ ਕੀ ਕਿਸੇ ਦੇਸ਼ ਦੀ ਵਿਲੱਖਣਤਾ ਨੂੰ ਧਿਆਨ ਵਿੱਚ ਰੱਖਦੇ ਹੋਏ

➜ ਸੜਕ ਸੁਰੱਖਿਆ ਦੇ ਨਿਯਮਾਂ ਨੂੰ ਲਾਗੂ ਕਰਦੇ ਸਮੇਂ ਥੋੜੇ ਬਹੁਤ ਸਮਝੌਤੇ ਕੀਤੇ ਜਾ ਸਕਦੇ ਹਨ?

➜ ਸੜਕ ਸੁਰੱਖਿਆ ਕਨੂੰਨ ਬਲਣ ਵਿੱਚ ਸਹਿਯੋਗੀਆਂ ਦੇ ਸੁਝਾਅ ਕਿਵੇਂ ਮਦਦਗਾਰ ਸਾਬਿਤ ਹੁੰਦੇ ਹਨ? ➜ ਕੀ ਸੜਕ ਸੁਰੱਖਿਆ ਨਿਯਮਾਂ ਦੀ ਸਮੇਂ ਸਮੇਂ ਤੇ ਸਮੀਖਿਆ ਅਤੇ ਨਵੀਨੀਂਕਰਨ ਹੁੰਦਾ ਰਹਿੰਦਾ ਹੈ?

➜ ਜੇ ਹਾਂ ਤਾਂ ਕਿੰਨੇ ਸਮੇਂ ਅੰਤਰਾਲ ਬਾਅਦ? ਕਾਨੂੰਨਾਂ 'ਚ ਕੀਤੇ ਗਏ ਬਦਲਾਵਾਂ ਦੇ ਬਾਰੇ ਵਿੱਚ ਲੋਕਾਂ ਨੂੰ ਕਿਵੇਂ ਸੁਚਿਤ ਕੀਤਾ ਜਾਂਦਾ ਹੈ?

World Health Organization
Department of Management of Noncommunicable Diseases,
Disability ,Violence and Injury Prevention
20 Aveneue Appia
1211 Geneva 27
Switzerland
Tel: +41 22 791 2392

Published by the World Health Organization in 2015 under the title 16 Story Ideas
© World Health Organization 2015

The World Health Organization has granted a translation and publication permission for an edition in Punjabi to **Avoid Accident,** which is solely responsible for the quality and faithfulness of the Punjabi translation. In the event of any inconsistency between the English and the Punjabi editions, the original English edition shall be the binding and authentic edition.

ਰਿਪੋਰਟਿੰਗ ਲਈ 16 ਸੁਝਾਵ

**© Avoid Accident 2018**